# ਗੁਰਮਤਿ ਪ੍ਰਕਾਸ

ਫਰਵਰੀ ੨੦੦੩

## ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ

ਜਿਸ ਨੇ ਗੁਰਧਾਮਾਂ ਤੋਂ
ਭ੍ਰਿਸ਼ਟ ਮਹੰਤਾਂ ਦਾ ਕਬਜ਼ਾ ਖ਼ਤਮ ਕੀਤਾ ਸੀ...



## ਸਾਕਾ ਪੰਜਾ ਸਾਹਿਬ

ਇਥੇ ਸਿੱਖ ਸੰਗਤਾਂ ਨੇ ਸ਼ਹੀਦੀਆਂ ਦੇ ਕੇ 'ਗੁਰੂ ਕਾ ਬਾਗ' ਮੋਰਚੇ ਦੇ
ਕੈਦੀ ਸਿੰਘਾਂ ਨੂੰ ਲਿਜਾ ਰਹੀ ਰੇਲਗੱਡੀ ਰੋਕ ਕੇ ਲੰਗਰ ਛਕਾਇਆ।

# ਗੁਰਮਤਿ ਅਨੁਸਾਰ
# ਅਗਿਆਨਤਾ ਦੀ ਗੰਢ ਹੀ ਕੁੰਡਲਨੀ ਹੈ

*ਗਿਆਨੀ ਧਰਮ ਸਿੰਘ (ਨਿਹੰਗ ਸਿੰਘ)**

*"ਰਿਧਿ ਸਿਧਿ" "ਨਵ ਨਿਧਿ" ਬਹੁ ਵਚਨ ਸ਼ਬਦ ਨਹੀਂ ਹਨ। ਨਵ ਨਿਧਿ ਨੂੰ ਟੀਕਾਕਾਰਾਂ ਨੇ ਨੌ ਨਿਧੀਆਂ ਮੰਨਿਆ ਹੋਇਆ ਹੈ। ਉਨ੍ਹਾਂ ਨੇ ਇਸ ਗੱਲ ਦਾ ਖਿਆਲ ਨਹੀਂ ਕੀਤਾ ਕਿ 'ਨਿਧਿ' ਸ਼ਬਦ ਇਕ ਵਚਨ ਹੋਣ ਕਰਕੇ ਇਸ ਤੋਂ ਪਹਿਲਾਂ ਲਿਖੇ ਗਏ ਸ਼ਬਦ 'ਨਵ' ਜਾਂ 'ਨੌਂ' ਭੀ ਇਕ ਵਚਨ ਹੀ ਰਹਿਣਗੇ। ਜਿਨ੍ਹਾਂ ਦਾ ਅਰਥ ਨਵਾਂ (New) ਹੋਵੇਗਾ। ਸੋ ਜਿਥੇ ਭੀ ਗੁਰਬਾਣੀ ਅੰਦਰ 'ਨਵ ਨਿਧਿ' ਸ਼ਬਦ ਆਉਂਦਾ ਹੈ, ਉਸ ਦਾ ਅਰਥ ਨਵਾਂ ਖ਼ਜ਼ਾਨਾ ਹੀ ਬਣੇਗਾ ਨਹੀਂ ਤਾਂ ਅਰਥਾਂ ਦੇ ਅਨਰਥ ਹੋਏ ਪਏ ਹਨ।*

ਮਹਾਨ ਕੋਸ਼ ਅਨੁਸਾਰ, "ਕੁੰਡਲਨੀ" ਤੰਤਰ ਸ਼ਾਸਤਰ ਅਤੇ ਯੋਗ ਮੱਤ ਦੁਆਰਾ ਮੰਨੀ ਇਕ ਨਾੜੀ ਹੈ, ਜੋ ਸੁਖਮਨਾ ਨਾੜੀ ਦੀ ਜੜ੍ਹ ਵਿਚ ਕਿਵਾੜ ਰੂਪ ਹੋ ਕੇ ਰਹਿੰਦੀ ਹੈ। ਸਾਢੇ ਤਿੰਨ ਚੱਕਰ (ਕੁੰਡਲ) ਮਾਰ ਕੇ ਸੱਪ ਦੀ ਤਰ੍ਹਾਂ ਸੌਣ ਕਾਰਨ ਇਸ ਦਾ ਨਾਉਂ ਕੁੰਡਲਨੀ ਹੈ। ਯੋਗਾ ਅਭਿਆਸ ਨਾਲ 'ਕੁੰਡਲਨੀ' ਜਾਗਦੀ ਹੈ ਅਤੇ ਸੁਖਮਨਾ ਦੇ ਰਸਤੇ ਦਸਮ ਦੁਆਰ ਨੂੰ ਜਾਂਦੀ ਹੈ। ਜਿਉਂ ਜਿਉਂ ਇਹ ਉੱਪਰ ਨੂੰ ਚੜ੍ਹਦੀ ਹੈ ਤਿਉਂ ਤਿਉਂ ਯੋਗੀ ਨੂੰ 'ਅਨੰਦ' ਆਉਂਦਾ ਹੈ। ਕੁੰਡਲਨੀ ਨੂੰ ਦਸਮ ਦੁਆਰ ਵਿਚ ਠਹਿਰਾਉਣਾ ਅਤੇ ਉਸ ਨੂੰ ਫਿਰ ਹੇਠਾਂ ਨਾ ਉਤਰਨ ਦੇਣਾ ਇਹੀ ਯੋਗ ਦੀ ਪੂਰਨ ਸਿੱਧੀ ਹੈ। ਕੁੰਡਲਨੀ ਨੂੰ ਭੁਜੰਗਮਾਂ ਭੀ ਆਖਦੇ ਹਨ।

ਪਰ ਗੁਰਮਤਿ ਅਨੁਸਾਰ ਅਵਿੱਦਿਆ/ਅਗਿਆਨਤਾ ਦੀ ਗੰਢ ਦਾ ਨਾਉਂ ਕੁੰਡਲਨੀ ਹੈ। ਭਾਵ, ਮਨ ਦੀ ਗੁੰਝਲ, ਉਲਝਣ ਜਾਂ ਮਨ ਅੰਦਰਲੇ ਭਰਮ-ਭੁਲੇਖਿਆਂ ਨੂੰ ਕੁੰਡਲਨੀ ਮੰਨਿਆ ਗਿਆ ਹੈ:

*ਕੁੰਡਲਨੀ ਸੁਰਝੀ ਸਤਸੰਗਤਿ...॥*

*(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨)*

ਉਪਰੋਕਤ ਦੋਹਾਂ ਅਰਥਾਂ ਤੋਂ ਪਤਾ ਲੱਗਦਾ ਹੈ ਕਿ ਜੋਗੀਆਂ ਦੁਆਰਾ ਮੰਨੀ ਗਈ ਕਲਪਤਿ 'ਕੁੰਡਲਨੀ' ਦਾ ਸੰਬੰਧ ਬਾਹਰਲੇ ਜੜ੍ਹ ਸਰੀਰ ਨਾਲ ਹੈ, ਜਦਕਿ ਗੁਰਮਤਿ 'ਕੁੰਡਲਨੀ' ਨੂੰ ਚੇਤਨ ਸਰੀਰ ਨਾਲ ਸੰਬੰਧਤ ਮੰਨਦੀ ਹੈ।

ਜੋਗੀ ਬਾਹਰਲੇ ਸਰੀਰ ਨਾਲ ਹੀ ਜੁੜੇ ਰਹੇ। ਬਾਹਰਲੇ ਸਰੀਰ ਬਾਰੇ ਤਾਂ ਉਨ੍ਹਾਂ ਨੇ ਕਾਫੀ ਕੁਝ ਜਾਣ ਲਿਆ। ਪਰ ਅੰਦਰਲੇ ਸੂਖਮ ਸਰੀਰ ਤਕ ਜੋਗੀਆਂ ਦੀ ਪਹੁੰਚ ਨਹੀਂ ਹੋ ਸਕੀ।

*ਸੱਚ ਖੋਜ ਅਕੈਡਮੀ, ਸਮਰਾਲਾ ਰੋਡ, ਖੰਨਾ (ਲੁਧਿਆਣਾ)।

ਜੋਗੀਆਂ ਨੇ ਬਾਹਰਲੇ ਸਰੀਰ ਨੂੰ ਹਮੇਸ਼ਾ ਲਈ ਜੀਵਤ ਰੱਖਣ ਦੇ ਉਪਰਾਲੇ ਹੀ ਸੋਚੇ। ਇਸੇ ਨੂੰ ਉਨ੍ਹਾਂ ਨੇ ਜਨਮ ਮਰਨ ਤੋਂ ਛੁਟਕਾਰਾ ਪਾਉਣਾ ਭੀ ਮੰਨ ਲਿਆ। ਬਾਹਰਲੇ ਸਰੀਰ ਨੂੰ ਛੱਡ ਕੇ ਅੰਦਰਲੀ ਸੂਖਮ ਦੇਹੀ (ਮਨ) ਦੀ ਖੋਜ ਬਾਰੇ ਜੋਗ ਮੱਤ ਚੁੱਪ ਹੈ। ਜਾਂ ਇਉਂ ਕਹਿ ਲਵੋ ਕਿ ਨਿਰਾਕਾਰ ਦੀ ਖੋਜ ਦਾ ਵਿਸ਼ਾ ਜੋਗ ਮੱਤ ਹੈ ਹੀ ਨਹੀਂ। ਇਸੇ ਲਈ ਗੁਰਬਾਣੀ ਵਿਚ ਅੰਕਿਤ ਹੈ:

*ਸਨਕਾਦਿਕ ਨਾਰਦ ਮੁਨਿ ਸੇਖਾ॥*
*ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥*

*(ਗਉੜੀ, ਪੰਨਾ ੩੩੦)*

ਉਪਰੋਕਤ ਪੰਕਤੀ ਤੋਂ ਪਤਾ ਲੱਗਦਾ ਹੈ ਕਿ ਜੋਗੀ ਤਾਂ ਕੀ, ਹਿੰਦੁਸਤਾਨ ਵਿਚਲੀਆਂ, ਗੁਰਮਤਿ ਤੋਂ ਬਿਨਾਂ, ਸਾਰੀਆਂ ਹੀ ਮੱਤਾਂ ਸਣੇ ਇਸਲਾਮ ਮੱਤ ਦੇ, ਕਿਸੇ ਨੇ ਭੀ ਇਸ ਬਾਹਰਲੀ ਪੰਜ ਭੌਤਿਕ ਦੇਹੀ ਅੰਦਰੋਂ ਸੂਖਮ ਦੇਹੀ ਨੂੰ ਨਹੀਂ ਵੇਖਿਆ। ਕਹਿਣ ਤੋਂ ਭਾਵ ਇਹ ਹੈ ਕਿ ਗੁਰਮਤਿ ਹੀ, ਜੀਵ ਆਤਮਾ ਦਾ ਆਪਣੇ ਮੂਲ ਨਿਰਾਕਾਰ ਨਾਲ ਮਿਲਾਪ ਕਰਾ ਸਕਦੀ ਹੈ; ਜਿਸ ਨੇ ਅੱਜ ਤਕ ਬੇਅੰਤ ਜੀਵਾਂ ਦਾ ਇਸ ਭਵਸਾਗਰ 'ਚੋਂ ਛੁਟਕਾਰਾ ਕਰਵਾਇਆ ਵੀ ਹੈ। ਪਹਿਲਾਂ ਭਾਵੇਂ ਉਹ ਕਿਸੇ ਭੀ ਮੱਤ ਦੇ ਧਾਰਨੀ ਸਨ, ਪਰ ਗੁਰਮਤਿ ਦੇ ਧਾਰਨੀ ਹੋ ਜਾਣ ਅਤੇ ਆਪਣੀ ਪਿਛਲੀ ਮੱਤ ਦਾ ਤਿਆਗ ਕਰ ਦੇਣ ਉਪਰੰਤ, ਉਹ ਆਪਣੇ ਮੂਲ ਨਿਰਾਕਾਰ ਵਿਚ ਹੀ ਸਮਾ ਗਏ ਜਿਵੇਂ ਕਿ ਇਨ੍ਹਾਂ ਸੱਤਰਾਂ ਤੋਂ ਸਪਸ਼ਟ ਹੋ ਜਾਂਦਾ ਹੈ:

*ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ॥*
*ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ॥*
*ਭਵਜਲੁ ਬਿਨੁ ਸਬਦੈ ਕਿਉ ਤਰੀਐ॥*
*ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥*

*(ਭੈਰਉ ਮ: ੧, ਪੰਨਾ ੧੧੨੫)*

ਜਿਥੋਂ ਤਕ ਕੁੰਡਲਨੀ ਦੇ ਸੌਣ ਜਾਂ ਜਾਗਣ ਦਾ ਸਵਾਲ ਹੈ ਉਥੇ ਸਭ ਤੋਂ ਪਹਿਲੀ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਾਗਣ ਅਤੇ ਸੌਣ ਦਾ ਸੰਬੰਧ ਜੀਵ-ਆਤਮਾ (ਚੇਤਨ ਸੱਤਾ) ਨਾਲ ਹੈ। ਜੜ੍ਹ ਮਾਇਆ ਬਾਰੇ ਜਾਗਣ ਅਤੇ ਸੌਣ ਦਾ ਭੁਲੇਖਾ ਪੈ ਜਾਣਾ ਹੀ ਅਵਿੱਦਿਆ ਹੈ, ਕਿਉਂਕਿ ਜੜ੍ਹ ਵਸਤੂ ਦਾ ਜਾਗਣ ਜਾਂ ਸੌਣ ਨਾਲ ਕੋਈ ਸੰਬੰਧ ਹੀ ਨਹੀਂ। ਬਾਹਰਲਾ ਪੰਜ ਭੌਤਿਕ ਸਰੀਰ ਭੀ ਉਤਨੀ ਦੇਰ ਹੀ ਸੌਂਦਾ ਜਾ ਜਾਗਦਾ ਪ੍ਰਤੀਤ ਹੁੰਦਾ ਹੈ, ਜਿੰਨਾ ਚਿਰ ਜੀਵ-ਆਤਮਾ ਇਸ ਵਿਚ ਮੌਜੂਦ ਹੈ। ਜੀਵ-ਆਤਮਾ ਦੇ ਅਲੱਗ ਹੋ ਜਾਣ ਉਪਰੰਤ ਇਹ ਜੜ੍ਹ ਸਰੀਰ ਮੁੜ ਨਹੀਂ ਜਾਗਿਆ ਕਰਦਾ। ਇਸ ਲਈ ਇਸ ਪੰਜ ਭੌਤਿਕ ਸਰੀਰ ਵਿਚਲੀ ਇਕ ਨਾੜੀ ਨੂੰ ਜਗਾ ਲੈਣ ਦਾ ਭਰਮ ਹੀ ਜੋਗੀਆਂ ਨੂੰ ਆਪਣੇ ਮੂਲ ਨਾਲ ਜੁੜ ਜਾਣ ਵਿਚ ਰੋੜਾ ਬਣ ਗਿਆ। ਜੋਗ ਮੱਤ ਜਦੋਂ ਅਪਣੇ ਮੂਲ ਨਾਲ ਜੁੜਨ ਵਿਚ ਅਸਫਲ ਹੋ ਗਈ ਤਾਂ ਜੋਗੀਆਂ ਨੇ ਰਿਧੀਆਂ ਸਿਧੀਆਂ ਦੀਆਂ ਸ਼ਕਤੀਆਂ ਪ੍ਰਾਪਤ ਕਰ ਲੈਣ ਦਾ ਪ੍ਰਾਪੇਗੰਡਾ ਕਰਕੇ ਹੀ ਆਪਣੇ ਮੱਤ ਦੀ ਹੋਂਦ ਨੂੰ ਬਚਾਈ ਰੱਖਣ ਦਾ ਓਹੜ-ਪੋਹੜ ਕਰਨ ਦਾ ਜਤਨ ਕੀਤਾ। ਪਰਮੇਸ਼ਰ ਦੇ ਹੁਕਮ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ, ਇਸ ਗੱਲ ਨੂੰ ਦੁਨੀਆਂ ਦੀਆਂ ਲਗਭਗ ਸਾਰੀਆਂ ਹੀ ਆਸਤਕ ਮੱਤਾਂ ਮੰਨਦੀਆਂ ਹਨ। ਪਰਮੇਸ਼ਰ ਦੀ ਕਰਨੀ ਵਿਚ ਦਖਲ ਦੇਣਾ ਜਾਂ ਦਖਲ

ਹੋਣ ਦੀ ਇੱਛਾ ਦਾ ਪੈਦਾ ਹੋ ਜਾਣਾ ਹੀ ਪਰਮੇਸ਼ਰ ਦੇ ਹੁਕਮ ਖਿਲਾਫ਼ ਬਗ਼ਾਵਤ ਸਮਾਨ ਹੈ। ਇਸੇ ਨੂੰ ਗੁਰਬਾਣੀ ਅੰਦਰ ਪਾਪ ਮੰਨਿਆ ਗਿਆ ਹੈ। ਪਰ ਕੁਝ ਲੋਕ ਅਜਿਹਾ ਕੂੜ ਦਾ ਪ੍ਰਚਾਰ ਜ਼ਰੂਰ ਕਰਦੇ ਰਹਿੰਦੇ ਹਨ, ਜਿਸ ਤੋਂ ਇਹ ਸਿੱਧ ਹੁੰਦਾ ਹੋਵੇ ਕਿ ਉਨ੍ਹਾਂ ਦੀ ਮੱਤ ਦੇ ਵੱਡੇ ਵਡੇਰੇ, ਪਰਮੇਸ਼ਰ ਦੇ ਸ਼ਰੀਕ ਸ਼ਕਤੀਆਂ ਵਾਲੇ ਮਹਾਂਪੁਰਖ ਸਨ। ਜੇ ਉਨ੍ਹਾਂ ਦੀਆਂ ਇਹ ਗੱਲਾਂ ਸੱਚ ਮੰਨ ਲਈਏ ਤਾਂ ਫਿਰ ਇਸ ਗੱਲ ਵਿਚ ਕੋਈ ਵਜ਼ਨ ਨਹੀਂ ਰਹਿੰਦਾ ਕਿ ਇਸ ਸੰਸਾਰ ਅੰਦਰ ਪਰਮੇਸ਼ਰ ਦੀ ਰਜ਼ਾ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ। ਹੁਣ ਇਕ ਨਵੀਂ ਦਲੀਲ ਦਿੱਤੀ ਜਾ ਸਕਦੀ ਹੈ ਕਿ ਗੁਰੂ ਪੀਰ ਲੋਕ ਪਰਮੇਸ਼ਰ ਨਾਲ ਸਿੱਧੇ ਜੁੜੇ ਹੋਏ ਹੁੰਦੇ ਹਨ। ਇਸ ਲਈ ਉਹ ਪਰਮੇਸ਼ਰ ਤੋਂ ਕੁਝ ਵੀ ਕਰਵਾ ਸਕਦੇ ਹਨ। ਅਸਲ ਗੱਲ ਤਾਂ ਇਹ ਹੈ ਕਿ ਸੱਚ ਤੋਂ ਥਿੜਕੀਆਂ ਹੋਈਆਂ ਮੱਤਾਂ ਨੂੰ ਆਪਣੀ ਹੋਂਦ ਬਚਾਉਣ ਲਈ ਝੂਠ ਦਾ ਸਹਾਰਾ ਲੈਣਾ ਹੀ ਪੈਂਦਾ ਹੈ। ਇਸੇ ਲਈ ਉਹ ਸੰਸਾਰੀ ਲੋਕਾਂ ਨੂੰ ਲੋਭ ਲਾਲਚ ਵਿਚ ਭਰਮਾ ਕੇ ਜਾਂ ਉਨ੍ਹਾਂ ਦੇ ਦੁੱਖ-ਦਰਦ ਮਿਟਾਉਣ ਦਾ ਝਾਂਸਾ ਦੇ ਕੇ ਹੀ ਆਪਣੀ ਆਪਣੀ 'ਜਨਸੰਖਿਆ' ਵਧਾਉਣ ਵਿਚ ਹੀ ਲੱਗੀਆਂ ਰਹਿੰਦੀਆਂ ਹਨ। ਪਰ ਇਸ ਦੇ ਮੁਕਾਬਲੇ ਵਿਚ ਗੁਰਮਤਿ ਅੰਦਰ ਖਰੀਆਂ ਖਰੀਆਂ ਸੁਣਾਈਆਂ ਗਈਆਂ ਹਨ ਤੇ ਇਸ ਵਿਚ ਝੂਠੇ ਲਾਲਚ ਦੀ ਪੂਰਤੀ ਦਾ ਝਾਂਸਾ ਦੇਣ ਦੀ ਥਾਂ ਸੰਸਾਰੀ ਪਦਾਰਥਾਂ ਦੇ ਲਾਲਚ ਦਾ ਤਿਆਗ ਕਰ ਦੇਣ ਉੱਪਰ ਹੀ ਜ਼ੋਰ ਦਿੱਤਾ ਗਿਆ ਹੈ।

ਜਿਥੇ ਜੋਗ ਮੱਤ ਨੇ ਕੁੰਡਲਨੀ ਨੂੰ ਜਗਾਉਣ ਦੀ ਗੱਲ ਕੀਤੀ ਹੈ, ਉਥੇ ਗੁਰਬਾਣੀ ਅੰਦਰ ਕੁੰਡਲਨੀ ਦੇ ਸੁਲਝ ਜਾਣ ਦੀ ਲੋੜ ਮੰਨੀ ਗਈ ਹੈ:

*ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ॥*

*(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨)*

ਇਸ ਪੰਕਤੀ ਵਿਚ ਭੱਟ ਆਖ ਰਹੇ ਹਨ ਕਿ ਜਦੋਂ ਸੱਚ ਦੀ ਸੋਝੀ ਪ੍ਰਾਪਤ ਹੋਈ ਸੰਸਾਰੀ ਮੱਤਾਂ ਦੇ ਪਰਮੇਸ਼ਰ ਬਾਰੇ ਪਾਏ ਹੋਏ ਭਰਮ ਭੁਲੇਖੇ ਦੂਰ ਹੋ ਗਏ, ਤਦ ਸੱਚ ਦੇ ਗਿਆਨ (ਸੋਝੀ) ਨਾਲ ਹਿਰਦੇ ਵਿਚ (ਪਰਮਾਨੰਦ) ਸ਼ਬਦ-ਗੁਰੂ ਦਾ ਅਨੁਭਵ ਹੋਇਆ। ਗੁਰਬਾਣੀ ਅੰਦਰ ਭਰਮ ਦੇ ਨਾਸ ਕਰਨ ਵਾਲੇ ਨੂੰ ਹੀ ਗੁਰੂ ਮੰਨਿਆ ਗਿਆ ਹੈ। ਭਗਤ ਕਬੀਰ ਜੀ ਉਨ੍ਹਾਂ ਝੂਠੇ ਗੁਰੂਆਂ ਦੀਆਂ ਮਾਵਾਂ (ਮੱਤਾਂ) ਦੇ ਸਿਰ ਮੁੰਨ ਦੇਣ, ਭਾਵ ਉਨ੍ਹਾਂ ਦੀਆਂ ਝੂਠੀਆਂ ਮੱਤਾਂ ਦੇ ਪਾਏ ਹੋਏ ਭਰਮ-ਜਾਲ਼ ਨੂੰ ਜ਼ਾਹਰ ਕਰ ਦੇਣ ਲਈ ਗੁਰਮੁਖਾਂ ਨੂੰ ਲਾਮਬੰਦ ਹੋਣ ਲਈ ਆਖਦੇ ਹਨ, ਕਿਉਂਕਿ ਉਹ ਅਖੌਤੀ ਗੁਰੂ ਤਾਂ ਆਪਣੇ ਕੂੜ ਗਿਆਨ ਕਰਕੇ ਸੰਸਾਰ ਰੂਪੀ ਭਵ ਸਾਗਰ ਵਿਚ ਡੁੱਬੇ ਹੋਏ ਹੀ ਹਨ, ਸਗੋਂ ਆਪਣੇ ਨਿਰਦੋਸ਼ ਚੇਲਿਆਂ ਨੂੰ ਭੀ ਡੁਬੋ ਰਹੇ ਹਨ:

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥*
*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥*

*(ਸਲੋਕ ਕਬੀਰ ਜੀ, ਪੰਨਾ ੧੩੬੯)*

ਗੁਰਮਤਿ ਦੇ ਧਾਰਨੀ ਗੁਰਮੁਖਾਂ ਨੇ ਸੱਚ ਸਰੂਪ ਪਰਮੇਸ਼ਰ ਦਾ ਆਸਰਾ ਲਿਆ ਹੈ। ਇਸ ਲਈ ਉਨ੍ਹਾਂ ਨੂੰ ਕਿਸੇ ਝੂਠੇ ਆਸਰੇ ਦੀ ਲੋੜ ਹੀ ਨਹੀਂ। ਗੁਰਬਾਣੀ ਸੱਚੀ ਬਾਣੀ ਹੈ, ਕਿਉਂਕਿ ਸੰਸਾਰੀ ਮੱਤਾਂ ਦੁਆਰਾ ਫੈਲਾਏ ਗਏ ਭਰਮ-ਜਾਲ਼ ਨੂੰ ਕੱਟ ਦੇਣ ਦੀ ਇਸ ਵਿਚ ਸਮਰੱਥਾ ਹੈ। ਇਹ ਕਿਸੇ ਇਕ ਵਿਅਕਤੀ ਦੀ ਮੱਤ ਨਾ ਹੋ ਕੇ ਸ੍ਰਿਸ਼ਟੀ ਦੇ ਸਿਰਜਣਹਾਰੇ ਸ਼ਬਦ-ਗੁਰੂ ਦੀ ਆਪ ਪ੍ਰਗਟ ਕਰਵਾਈ ਹੋਈ ਮੱਤ ਹੈ। ਪਰਮੇਸ਼ਰ ਵਿਚ ਕਿਉਂਕਿ ਕੋਈ

ਕਮੀ ਨਹੀਂ ਹੈ, ਉਹ ਹਰ ਪੱਖ ਤੋਂ ਪਰੀਪੂਰਨ ਹੈ, ਇਸ ਲਈ ਉਸ ਦੀ ਮੱਤ ਭੀ ਅਧੂਰੀ ਨਹੀਂ ਹੈ। ਅੱਜ ਦੰਭੀ ਗੁਰੂ-ਬਾਬੇ ਆਪਣੀਆਂ ਮੱਤਾਂ ਨੂੰ ਪ੍ਰਚਾਰਨ ਲਈ ਗੁਰਮਤਿ ਦੀ ਰਹਿਨੁਮਾਈ ਪ੍ਰਾਪਤ ਕਰਕੇ ਆਪਣੀ ਮੱਤ ਪ੍ਰਚਾਰਦੇ ਹਨ, ਜਿਸ ਤੋਂ ਸਾਬਤ ਹੋ ਜਾਂਦਾ ਹੈ ਕਿ ਉਹ ਗੁਰਮਤਿ ਨੂੰ ਸ੍ਰੇਸ਼ਟ ਮੱਤ ਵਜੋਂ ਮੰਨ ਰਹੇ ਹਨ ਪਰ ਨਾਲ ਦੀ ਨਾਲ ਉਹ ਆਪਣੀ ਮੱਤ ਦੀਆਂ ਕਮੀਆਂ ਨੂੰ ਗੁਰਬਾਣੀ ਨੂੰ ਤੋੜ-ਮਰੋੜ ਕੇ ਠੀਕ ਸਾਬਤ ਕਰਨ ਦੀ ਕੋਸ਼ਿਸ਼ ਵੀ ਕਰਦੇ ਰਹਿੰਦੇ ਹਨ। ਇਸ ਵਿਚ ਉਨ੍ਹਾਂ ਦੀ ਅਗਿਆਨਤਾ ਜਾਂ ਚਲਾਕੀ ਦੋਹਾਂ ਵਿਚੋਂ ਇਕ ਗੱਲ ਜ਼ਰੂਰ ਹੁੰਦੀ ਹੈ। ਆਮ ਤੌਰ 'ਤੇ ਝੂਠੀਆਂ ਮੱਤਾਂ ਦੇ ਪ੍ਰਚਾਰਕ ਚਤੁਰ-ਚਲਾਕ ਕਿਸਮ ਦੇ ਲੋਕ ਹੀ ਹਨ ਜਿਹੜੇ ਆਪਣੇ ਕੂੜ ਨੂੰ ਸੱਚ ਬਣਾਉਣ ਲਈ ਸੱਚੀ ਮੱਤ ਨੂੰ ਭੀ ਗ਼ਲਤ ਅਰਥਾ ਕੇ ਆਪਣੀ ਮੱਤ ਵਰਗੀ ਹੀ ਝੂਠੀ ਮੱਤ ਬਣਾਉਂਦੇ ਰਹਿੰਦੇ ਹਨ। ਪਰ ਗੁਰਮਤਿ ਨੇ ਤਾਂ ਸਾਫ ਸਾਫ ਆਖਿਆ ਹੋਇਆ ਹੈ ਕਿ ਇਸ ਸੰਸਾਰ ਵਿਚੋਂ ਛੁਟਕਾਰੇ ਦੀ ਵਿਧੀ ਹੀ ਕੇਵਲ ਇਕ ਹੈ, ਜਿਹੜੀ ਆਪ ਸ੍ਰਿਸ਼ਟੀ ਦੇ ਸਿਰਜਣਹਾਰੇ ਪਰਮੇਸ਼ਰ ਨੇ ਪ੍ਰਗਟ ਕਰਵਾਈ ਹੈ, ਇਸ ਪਰਮੇਸ਼ਰ ਦੀ ਮੱਤ ਤੋਂ ਬਿਨਾਂ ਬਾਕੀ ਦੀਆਂ ਸਾਰੀਆਂ ਹੀ ਮੱਤਾਂ, ਸੰਸਾਰੀ ਲੋਕਾਂ ਨੂੰ ਭੰਬਲਭੂਸੇ ਵਿਚ ਪਾ ਕੇ ਇਸ ਭਵਸਾਗਰ ਵਿਚ ਫਸਾਈ ਰੱਖਣ ਵਾਲੀਆਂ ਹਨ। ਭਗਤ ਕਬੀਰ ਜੀ ਦਾ ਫ਼ਰਮਾਨ ਹੈ:

*ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥*

*(ਗਉੜੀ, ਪੰਨਾ ੩੩੧)*

ਜਿਵੇਂ ਪਿੱਛੇ ਭੀ ਦੱਸਿਆ ਗਿਆ ਹੈ ਕਿ ਜਾਗਣ ਅਤੇ ਸੌਣ ਦਾ ਸੰਬੰਧ ਚੇਤਨ ਜੀਵ-ਆਤਮਾ ਨਾਲ ਹੁੰਦਾ ਹੈ ਇਸੇ ਲਈ ਗੁਰਬਾਣੀ ਮਨ ਨੂੰ ਜਾਗਣ ਲਈ ਪੁਕਾਰਦੀ ਹੈ:

*ਜਾਗੁ ਰੇ ਮਨ ਜਾਗਨਹਾਰੇ॥*
*ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ॥*

*(ਆਸਾ ਮ: ੫, ਪੰਨਾ ੩੮੭)*

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥*

*(ਤਿਲੰਗ ਮ: ੯, ਪੰਨਾ ੭੨੬)*

ਉਪਰੋਕਤ ਪੰਕਤੀਆਂ ਵਿਚ ਚੇਤਨ ਸੱਤਾ ਨੂੰ ਪੁਲਿੰਗ ਰੂਪ ਵਿਚ ਸੰਬੋਧਨ ਕਰਕੇ ਮਾਇਆ-ਮੋਹ ਦਾ ਤਿਆਗ ਕਰ ਦੇਣ ਲਈ ਆਖਿਆ ਗਿਆ ਹੈ। ਕਿਉਂਕਿ ਇਹ ਮਨੁੱਖਾ ਦੇਹੀ ਤਾਂ ਇਸ ਜੀਵ ਨੂੰ ਆਪਣੇ ਮੂਲ ਨੂੰ ਜਾਣਨ, ਪਛਾਣਨ ਅਤੇ ਫਿਰ ਪੱਕੇ ਤੌਰ 'ਤੇ ਆਪਣੇ ਮੂਲ ਨਾਲ ਹੀ ਜੁੜੇ ਰਹਿਣ ਵਾਸਤੇ ਮਿਲੀ ਸੀ। ਇਸ ਗੱਲ ਨੂੰ ਵਿਸਰ ਜਾਣ ਕਾਰਨ ਹੀ ਇਸ ਨੂੰ ਸੁੱਤਾ ਹੋਇਆ ਆਖਿਆ ਗਿਆ ਹੈ। ਜਦੋਂ ਇਸ ਜੀਵ ਨੂੰ ਇਹ ਸੋਝੀ ਆ ਜਾਵੇਗੀ ਕਿ ਮਨੁੱਖਾ ਜਨਮ ਮੈਨੂੰ ਕਿਸ ਲਈ ਮਿਲਿਆ ਹੈ ਅਤੇ ਇਹ ਜੀਵ ਆਪਣੇ ਸਹੀ ਕੰਮ ਵੱਲ ਧਿਆਨ ਕੇਂਦਰਤ ਕਰ ਲਵੇਗਾ, ਫਿਰ ਇਹ ਮਾਇਆ ਦਾ ਮੋਹ ਤਿਆਗਦਾ ਹੀ ਚਲਾ ਜਾਵੇਗਾ। ਸਰੀਰ ਦਾ ਮੋਹ ਤਾਂ ਇਸ ਜੀਵ ਅੰਦਰ ਇਸ ਦੀ ਅਗਿਆਨਤਾ ਕਾਰਨ ਹੀ ਬਣਿਆ ਹੋਇਆ ਹੈ।

ਕੁੰਡਲਨੀ ਦੇ ਜਾਗਣ ਬਾਰੇ ਇਕ ਹੋਰ ਖਿਆਲ ਗੁਰਬਾਣੀ ਅੰਦਰ ਆਉਂਦਾ ਹੈ ਉਹ ਹੈ

ਹਿਰਦੇ ਅੰਦਰ ਗਿਆਨ ਮੱਤ (ਗੁਰਮਤਿ) ਦੇ ਪ੍ਰਗਟ ਹੋ ਜਾਣ ਦਾ। ਗੁਰਬਾਣੀ ਦੀ ਸੋਝੀ ਨਾਲ ਜਦੋਂ ਮਨੁੱਖ ਸੰਤੋਖੀ ਹੋ ਜਾਂਦਾ ਹੈ, ਨਾਮ ਦੀ ਭੁੱਖ ਉਸ ਅੰਦਰ ਪੈਦਾ ਹੋ ਜਾਂਦੀ ਹੈ, ਸੰਸਾਰੀ ਪਦਾਰਥਾਂ ਦੀ ਭੁੱਖ ਉਸ ਦੇ ਅੰਦਰੋਂ ਮਿਟ ਜਾਂਦੀ ਹੈ। ਤਦ ਉਪਰੰਤ ਉਸ ਦੇ ਅੰਦਰ ਗੁਰਮਤਿ ਰੂਪੀ ਬਾਣੀ ਪ੍ਰਗਟ ਹੋਣ ਲੱਗ ਪੈਂਦੀ ਹੈ। ਇਸੇ ਨੂੰ ਗਿਆਨ ਮੱਤ ਦਾ ਜਾਗਣਾ ਮੰਨਿਆ ਗਿਆ ਹੈ। ਗੁਰੂ ਪਰਮੇਸ਼ਰ ਸਭ ਦਾ ਪਿਤਾ ਹੈ ਅਤੇ ਉਸ ਦੀ ਬਾਣੀ (ਗੁਰਮਤਿ) ਸਭ ਦੀ ਮਾਤਾ ਰੂਪ ਹੈ। ਇਸੇ ਲਈ ਭਗਤ ਕਬੀਰ ਜੀ 'ਸੁਖ ਮਨਾ" ਭਾਵ ਮਨ ਨੂੰ ਸੁਖ ਦੇਣ ਵਾਲੀ, ਗੁਰਮਤਿ ਨੂੰ ਦ੍ਰਿੜ ਕਰਨ ਲਈ ਆਖ ਰਹੇ ਹਨ:

*ਐਸਾ ਗਿਆਨੁ ਕਥੈ ਬਨਵਾਰੀ॥ ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ॥*

*(ਗਉੜੀ ਕਬੀਰ ਜੀ, ਪੰਨਾ ੩੩੨)*

ਇਸ ਪੰਕਤੀ ਤੋਂ ਪਤਾ ਲੱਗਦਾ ਹੈ ਕਿ ਸੁਖਮਨਾ ਭੀ ਕੋਈ ਬਾਹਰਲੇ ਸਰੀਰ ਦੀ ਨਾੜੀ ਨਾ ਹੋ ਕੇ, ਅੰਦਰਲੇ ਚੇਤਨ ਸਰੀਰ ਨਾਲ ਹੀ ਸੰਬੰਧਤ ਹੈ। ਜਦੋਂ ਮਨ ਆਪਣੀ ਮੱਤ ਦਾ ਤਿਆਗ ਕਰਕੇ ਆਪਣੇ ਅੰਦਰਲੇ ਸਾਰੇ ਭਰਮ ਭੁਲੇਖੇ ਦੂਰ ਕਰ ਲੈਂਦਾ ਹੈ ਤਾਂ ਉਸ ਦੀ ਕੁੰਡਲਨੀ ਭਾਵ ਉਸ ਦੀ ਮੱਤ (ਬੁੱਧੀ) ਸੁਲਝ ਜਾਂਦੀ ਹੈ। ਨਿਰਾਕਾਰ ਬਾਰੇ ਉਹ ਆਪਣੀ ਹਰ ਸ਼ੰਕਾ ਦਾ ਸਮਾਧਾਨ ਕਰ ਲੈਂਦਾ ਹੈ। ਤਦ ਉਪਰੰਤ ਉਸ ਦੇ ਹਿਰਦੇ ਵਿਚ ਸ਼ਬਦ-ਗੁਰੂ ਪ੍ਰਗਟ ਹੋ ਜਾਂਦਾ ਹੈ, ਸੁਰਤ ਸ਼ਬਦ ਨਾਲ ਜੁੜ ਜਾਂਦੀ ਹੈ ਅਤੇ ਕਾਲ ਦਾ ਭੈ ਨਹੀਂ ਰਹਿੰਦਾ। ਮੌਤ ਦਾ ਭੈਅ ਖਤਮ ਹੋ ਜਾਣ ਤੋਂ ਬਾਅਦ ਹੀ ਮਨ ਨੂੰ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਜਾਂ ਇਉਂ ਕਹਿ ਲਵੋ ਕਿ ਸੁਰਤ ਸ਼ਬਦ ਦੇ ਮੇਲ ਤੋਂ ਹੀ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਰਹਿੰਦੀ ਹੈ।

ਸੋ ਸ਼ਬਦ-ਗੁਰੂ ਆਪ ਹੀ ਮਨ ਲਈ ਸੁਖਦਾਇਕ ਵਸਤੂ ਹੈ। ਇਸ ਸ਼ਬਦ ਜਾਂ ਗੁਰਮਤਿ ਦੇ ਹਿਰਦੇ ਵਿਚ ਪੈਦਾ ਹੋ ਜਾਣ ਨੂੰ ਹੀ ਗਿਆਨ ਮੱਤ ਜਾਗੀ ਆਖਿਆ ਗਿਆ ਹੈ। ਜੀਵ-ਆਤਮਾ ਦਾ ਸੁਖਮਨਾ ਰੂਪੀ ਨਾਰੀ ਵਿਚ ਪ੍ਰਵੇਸ਼ ਹੋ ਜਾਣਾ ਮੰਨਿਆ ਗਿਆ ਹੈ। ਜਿਤਨੀ ਦੇਰ ਸੁਰਤ (ਜੀਵ ਆਤਮਾ) ਸ਼ਬਦ ਵਿਚ ਸਮਾਈ ਰਹਿੰਦੀ ਹੈ, ਉਤਨੀ ਦੇਰ ਹੀ ਉਹ ਮੌਤ (ਕਾਲ) ਦੀ ਪਕੜ ਤੋਂ ਪਰ੍ਹੇ ਰਹਿੰਦੀ ਹੈ। ਇਸ ਗੱਲ ਨੂੰ ਤਾਂ ਜੋਗੀ ਭੀ ਮੰਨਦੇ ਹਨ ਕਿ ਪ੍ਰਾਣਾਂ ਦਾ ਸੁਖਮਨ ਨਾੜੀ ਵਿਚ ਪ੍ਰਵੇਸ਼ ਕਰ ਜਾਣਾ ਹੀ ਜੋਗੀ ਦਾ ਕਾਲ ਦੀ ਪਹੁੰਚ ਤੋਂ ਪਰ੍ਹੇ ਹੋ ਜਾਣਾ ਹੈ। ਕੁੰਡਲਨੀ ਅਤੇ ਸੁਖਮਨਾ ਜੋਗ ਮੱਤ ਅਨੁਸਾਰ ਭਾਵੇਂ ਦੋ ਹੋਣ ਪਰ ਗੁਰਮਤਿ ਅਨੁਸਾਰ ਇਹ ਇਕ ਵਸਤੂ ਦੇ ਹੀ ਦੋ ਨਾਉਂ ਹਨ। ਜਿਵੇਂ ਮਨ, ਮੱਤ, ਬੁੱਧ ਅਤੇ ਸੁਰਤ ਕਹਿਣ ਸੁਣਨ ਨੂੰ ਵੱਖ ਵੱਖ ਹਨ ਅਸਲ ਵਿਚ ਇਹ ਇਕ ਦੇ ਹੀ ਵੱਖ ਵੱਖ ਗੁਣਵਾਚਕ ਨਾਉਂ ਹਨ। ਜਦ ਤਕ ਬੁਧੀ (ਮੱਤ) ਨਿਰਾਕਾਰ ਦੀ ਸੋਝੀ ਬਾਰੇ ਉਲਝੀ ਹੋਈ ਹੈ, ਤਦ ਤਕ ਇਹ ਧੁਰ ਅੰਦਰਲੇ ਸ਼ਬਦ-ਗੁਰੂ ਤਕ ਅੱਪੜ ਨਹੀਂ ਸਕਦੀ। ਪਰ ਗੁਰਮਤਿ ਦੀ ਸੋਝੀ ਨਾਲ ਜਿਉਂ ਜਿਉਂ ਇਸ ਦੀਆਂ ਗੁੰਝਲਾਂ ਖੁੱਲ੍ਹਦੀਆਂ ਜਾਂਦੀਆਂ ਹਨ, ਤਿਉਂ ਤਿਉਂ ਇਹ ਮਨ ਅੰਦਰਲੇ ਸ਼ਬਦ ਗੁਰੂ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਨ ਲਈ ਅੰਤਰ-ਆਤਮੇ ਵੱਲ ਅਗਰਸਰ ਹੁੰਦੀ ਰਹਿੰਦੀ ਹੈ। ਗੁਰਮਤਿ ਦੀ ਪੂਰਨ ਸੋਝੀ ਪ੍ਰਾਪਤ ਕਰ ਲੈਣ ਉਪਰੰਤ ਮਨ ਥਿਰ ਹੋ ਜਾਂਦਾ ਹੈ ਅਤੇ ਸੁਰਤ ਗੋਵਿੰਦ ਦੇ ਚਰਨ ਕਮਲਾਂ ਤਕ ਅੱਪੜ ਜਾਂਦੀ ਹੈ। ਤਦ ਉਪਰੰਤ ਪਰਮੇਸ਼ਰ ਤਰੁਠਦਾ ਹੈ ਅਤੇ ਸੁਰਤ ਨੂੰ ਆਪਣੇ ਚਰਨ ਕਮਲਾਂ (ਸ਼ਬਦ) ਜਾਂ ਨਾਮ ਦਾ ਸਪਰਸ਼ ਬਖਸ਼ਿਸ਼ ਕਰਦਾ ਹੈ। ਨਾਮ ਦੇ ਸਪਰਸ਼ ਨਾਲ ਬੁਧਿ ਬਦਲ ਕੇ ਬਿਬੇਕ ਬੁਧਿ ਬਣ ਜਾਂਦੀ ਹੈ। ਇਸੇ ਅਵਸਥਾ ਦਾ ਜ਼ਿਕਰ

ਕਰਦੇ ਹੋਏ ਭਗਤ ਕਬੀਰ ਜੀ ਫ਼ਰਮਾ ਰਹੇ ਹਨ:

*ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥*

*(ਗਉੜੀ, ਪੰਨਾ ੩੩੯)*

ਜੋਗੀ ਭੀ ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਣ ਦੀ ਗੱਲ ਕਰਦੇ ਹਨ ਪਰ ਉਨ੍ਹਾਂ ਦੀਆਂ ਰਿਧੀਆਂ ਸਿਧੀਆਂ ਸੰਸਾਰੀ ਪਦਾਰਥਾਂ ਤਕ ਹੀ ਸੀਮਤ ਹਨ। ਕਿਉਂਕਿ ਜੋਗ ਮੱਤ ਦਾ ਸੰਬੰਧ ਹੀ ਬਾਹਰਲੇ ਸਰੀਰ (ਮਾਇਆ) ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੇ ਸ਼ਬਦ ਵੀ ਸਰੀਰ ਅੰਦਰੋਂ ਪੈਦਾ ਹੋਣ ਵਾਲੀਆਂ ਧੁਨੀਆਂ ਹਨ, ਜਿਨ੍ਹਾਂ ਨੂੰ ਡਾਕਟਰ ਲੋਕ ਕੰਨਾਂ ਨੂੰ ਟੂਟੀਆਂ ਲਾ ਕੇ ਸੁਣਦੇ ਹਨ ਅਤੇ ਸਰੀਰ ਦੀਆਂ ਵੱਖ ਵੱਖ ਬਿਮਾਰੀਆਂ ਦਾ ਪਤਾ ਇਨ੍ਹਾਂ ਧੁਨੀਆਂ ਨੂੰ ਸੁਣ ਕੇ ਹੀ ਲਗਾ ਲੈਂਦੇ ਹਨ। ਜੋਗੀ ਲੋਕ ਭੀ ਬਾਹਰੀ ਸਰੀਰ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਦੀ ਜਾਣਕਾਰੀ, ਇਨ੍ਹਾਂ ਧੁਨੀਆਂ ਨੂੰ ਸੁਣਨ ਕਰਕੇ ਹੀ ਪ੍ਰਾਪਤ ਕਰ ਲੈਣ ਵਿਚ ਸਫਲ ਹੋਏ ਸਨ। ਪਰ ਅੰਦਰਲੇ ਸੂਖਮ ਸਰੀਰ ਬਾਰੇ ਜੋਗ ਮੱਤ ਕੁਝ ਵੀ ਦੱਸਣ ਵਿਚ ਅਸਮਰਥ ਹੈ। ਗੁਰਮਤਿ ਨੇ ਇਸ ਬਾਹਰਲੇ ਤਨ ਵਿਚ ਨਿਰਾਕਾਰ ਮਨ ਨੂੰ ਜਾਣਨਾ ਸੀ। ਇਸੇ ਨੂੰ ਆਤਮ ਗਿਆਨ ਕਿਹਾ ਗਿਆ ਹੈ। ਆਪਣੇ ਲਕਸ਼ ਦੀ ਪ੍ਰਾਪਤੀ ਨੂੰ ਹੀ ਕਾਰਜ ਸਿਧੀ ਆਖਿਆ ਜਾਂਦਾ ਹੈ। 'ਬੁਧਿ ਬਦਲੀ ਸਿਧਿ ਪਾਈ' ਤੋਂ ਭਾਵ ਹੈ ਕਿ ਜਿੰਨਾ ਚਿਰ ਮੇਰੀ ਆਪਣੀ ਬੁੱਧੀ ਸੰਸਾਰੀ ਮੱਤਾਂ ਤੋਂ ਪ੍ਰਾਪਤ ਹੋਏ ਗਿਆਨ ਦੁਆਰਾ ਨਿਰਾਕਾਰ ਦਾ ਦਰਸ਼ਨ ਕਰ ਲੈਣ ਦਾ ਜਤਨ ਕਰਦੀ ਰਹੀ, ਉਦੋਂ ਤਕ ਸਫਲਤਾ ਪ੍ਰਾਪਤ ਨਹੀਂ ਹੋਈ। ਪਰ ਗੁਰਮਤਿ ਦੇ ਗਿਆਨ ਨਾਲ ਜਦੋਂ ਬੁਧਿ ਹੀ ਬਦਲ ਗਈ, ਭਾਵ ਪਹਿਲੀਆਂ ਮੱਤਾਂ ਉੱਪਰ ਇਸ ਦਾ ਬਿਲਕੁਲ ਹੀ ਵਿਸ਼ਵਾਸ ਨਾ ਰਿਹਾ ਜਾਂ ਦੂਜੇ ਸ਼ਬਦਾਂ ਵਿਚ ਪਹਿਲੀਆਂ ਮੱਤਾਂ ਦੀਆਂ ਕਮੀਆਂ ਦੀ ਇਸ ਨੂੰ ਸਮਝ ਆ ਗਈ, ਉਸ ਤੋਂ ਪਿੱਛੋਂ ਹੀ ਬੁਧਿ ਨੂੰ ਨਿਰਾਕਾਰ ਦੀ ਸਮਝ ਆਈ। ਨਿਰਾਕਾਰ ਨੂੰ ਸਮਝਣ ਵਿਚ ਸਫਲਤਾ ਪ੍ਰਾਪਤੀ ਨੂੰ ਹੀ ਭਗਤ ਕਬੀਰ ਜੀ 'ਸਿਧਿ' ਪਾਈ ਆਖ ਰਹੇ ਹਨ।

ਗੁਰਬਾਣੀ ਅੰਦਰ ਜਿਥੇ ਰਿਧੀਆਂ ਸਿਧੀਆਂ ਦਾ ਜ਼ਿਕਰ ਹੈ ਉਨ੍ਹਾਂ ਦਾ ਸੰਬੰਧ ਜੋਗ ਮੱਤ ਦੀਆਂ ਰਿਧੀਆਂ ਸਿਧੀਆਂ ਨਾਲ ਹੈ। ਗੁਰਮਤਿ ਕੇਵਲ ਨਾਮ ਦੀ ਪ੍ਰਾਪਤੀ ਨੂੰ ਹੀ (ਸਿਧਿ ਪਾਈ) ਕਾਰਜ-ਸਿਧੀ ਮੰਨਦੀ ਹੈ। ਕਿਉਂਕਿ ਮਾਇਆ ਮੋਹ ਦੇ ਤਿਆਗ ਬਿਨਾਂ ਨਾਮ ਦੀ ਦਾਤ ਪ੍ਰਾਪਤ ਹੋ ਜਾਵੇ ਅਜਿਹਾ ਸੰਭਵ ਹੀ ਨਹੀਂ। ਟੀਕਾਕਾਰਾਂ ਨੇ ਇਸ ਭੇਦ ਨੂੰ ਸਮਝਣ ਵਿਚ ਭਾਰੀ ਟਪਲਾ ਖਾਧਾ ਹੋਇਆ ਹੈ। "ਰਿਧਿ ਸਿਧਿ" "ਨਵ ਨਿਧਿ" ਬਹੁ ਵਚਨ ਸ਼ਬਦ ਨਹੀਂ ਹਨ। ਨਵ ਨਿਧਿ ਨੂੰ ਟੀਕਾਕਾਰਾਂ ਨੇ ਨੌ ਨਿਧੀਆਂ ਮੰਨਿਆ ਹੋਇਆ ਹੈ। ਉਨ੍ਹਾਂ ਨੇ ਇਸ ਗੱਲ ਦਾ ਖਿਆਲ ਨਹੀਂ ਕੀਤਾ ਕਿ 'ਨਿਧਿ' ਸ਼ਬਦ ਇਕ ਵਚਨ ਹੋਣ ਕਰਕੇ ਇਸ ਤੋਂ ਪਹਿਲਾਂ ਲਿਖੇ ਗਏ ਸ਼ਬਦ 'ਨਵ' ਜਾਂ 'ਨੌ' ਭੀ ਇਕ ਵਚਨ ਹੀ ਰਹਿਣਗੇ। ਜਿਨ੍ਹਾਂ ਦਾ ਅਰਥ ਨਵਾਂ *(New)* ਹੋਵੇਗਾ। ਸੋ ਜਿਥੇ ਭੀ ਗੁਰਬਾਣੀ ਅੰਦਰ 'ਨਵ ਨਿਧਿ' ਸ਼ਬਦ ਆਉਂਦਾ ਹੈ, ਉਸ ਦਾ ਅਰਥ ਨਵਾਂ ਖ਼ਜ਼ਾਨਾ ਹੀ ਬਣੇਗਾ ਨਹੀਂ ਤਾਂ ਅਰਥਾਂ ਦੇ ਅਨਰਥ ਹੋਏ ਪਏ ਹਨ। ਸੱਚ ਦੇ ਵਖਿਆਨ ਲਈ ਸੰਸਾਰੀ ਭਾਸ਼ਾ ਨੂੰ ਸੋਧਣਾ ਪੈਂਦਾ ਹੈ। ਇਸੇ ਲਈ ਗੁਰਬਾਣੀ ਅੰਦਰ ਸੈਂਕੜੇ ਸ਼ਬਦਾਂ ਨੂੰ ਨਵੇਂ ਅਰਥ ਦਿੱਤੇ ਗਏ ਹਨ। ਸੱਚ ਦਾ ਗਿਆਨ (ਨਾਮ) ਕੇਵਲ ਗੁਰਬਾਣੀ ਵਿਚੋਂ ਪ੍ਰਾਪਤ ਹੋਣ ਕਰਕੇ ਨਵਨਿਧਿ (ਨਵਾਂ ਖਜ਼ਾਨਾ) ਕਹਾਉਂਦਾ ਹੈ। ਜਿਸ ਦਾ ਭਾਵ ਇਹ ਹੈ ਕਿ ਜਦੋਂ ਭੀ ਗੁਰਮਤਿ ਦਾ ਗਿਆਨ ਪ੍ਰਗਟ ਹੁੰਦਾ ਹੈ, ਸੰਸਾਰ ਵਿਚ ਆਪਣੀ ਕਿਸਮ ਦਾ

ਹ ਇਕੋ ਇਕ ਗਿਆਨ ਹੁੰਦਾ ਹੈ। ਇਸੇ ਲਈ ਇਸ ਨੂੰ ਸੰਸਾਰੀ ਗਿਆਨ ਪ੍ਰਣਾਲੀਆਂ ਲੋਂ ਵੱਖਰਾ ਦਰਸਾਉਣ ਲਈ ਤੱਤ ਗਿਆਨ ਜਾਂ 'ਨਾਮੁ' ਆਖਿਆ ਜਾਂਦਾ ਹੈ।

ਪਰਮੇਸ਼ਰ ਆਪ ਸਭ ਦਾ ਗੁਰੂ ਹੈ ਅਤੇ ਉਸ ਦੀ ਪ੍ਰਗਟ ਕੀਤੀ ਹੋਈ ਆਦਿ-ਮੱਤ, ਰਮਤਿ ਹੈ, ਇਹ ਕਿਸੇ ਆਦਮੀ ਦੀ ਮੱਤ ਨਹੀਂ ਜਦੋਂ ਤੋਂ ਜੀਵ ਪੈਦਾ ਹੋਇਆ ਹੈ, ਇਹੀ ਤ ਜੀਵ ਦਾ ਮਾਰਗ ਦਰਸ਼ਨ ਕਰਦੀ ਚਲੀ ਆ ਰਹੀ ਹੈ। ਹਰ ਜੂਨ ਵਿਚ ਜੀਵ ਦੀ ਬੁੱਧੀ ਬਟ-ਗੁਰੂ ਦੁਆਰਾ ਹੀ ਵਿਕਾਸਸ਼ੀਲ ਰਹੀ ਹੈ।

ਮਨੁੱਖੀ ਜਾਮਾ ਇਸੇ ਲਈ ਸ੍ਰੇਸ਼ਟ ਹੈ, ਕਿਉਂਕਿ ਮਨੁੱਖੀ ਸਰੀਰ ਵਿਚਲੀ ਬੁੱਧੀ ਬਾਕੀ ਆਂ ਸਾਰੀਆਂ ਜੂਨਾਂ ਨਾਲੋਂ ਵਿਕਸਿਤ ਹੈ। ਜੀਵ ਦਾ ਟੀਚਾ ਆਪਣੇ ਮੂਲ ਜੋਤ ਸਰੂਪ ਬ੍ਰਹਮ ਲ ਜੁੜ ਕੇ ਪੂਰਨ ਬ੍ਰਹਮ ਰੂਪ ਬਣਨਾ ਹੈ। ਮਨੁੱਖਾ ਜਨਮ ਇਸ ਸਫਰ ਦੀ ਅੰਤਮ ਪੌੜੀ ਹੈ। ਹਿਣ ਤੋਂ ਭਾਵ ਇਹ ਹੈ ਕਿ ਇਸ ਜਨਮ ਦੌਰਾਨ ਵੀ ਉਸੇ ਆਦਿ ਮੱਤ ਦੀ ਰਹਿਨੁਮਾਈ ਦੀ ੜ ਹੈ, ਜਿਸ ਦੀ ਰਹਿਨੁਮਾਈ ਵਿਚ ਚੱਲ ਕੇ ਜੀਵ-ਆਤਮਾ ਮਨੁੱਖਾ ਦੇਹੀ ਤਕ ਅੱਪੜੀ ਹੈ। ਦੋਂ ਤੋਂ ਮਨੁੱਖ ਪੈਦਾ ਹੋਇਆ ਹੈ, ਇਸ ਨੂੰ ਆਪਣੀ ਬੁੱਧੀ ਦੀ ਪੂਰਨਤਾ ਉੱਤੇ ਭਰਮ ਹੋ ਗਆ ਹੈ। ਬੁੱਧੀ ਦੇ ਭਰਮ ਨੇ ਹੀ ਇਸ ਦੇ ਅੰਦਰਲੇ ਹੰਕਾਰ ਨੂੰ ਜਨਮ ਦਿੱਤਾ ਹੈ। ਜੀਵ ਕਾਰ ਕਾਰਨ ਆਪਣੇ ਅੰਦਰੋਂ ਆ ਰਹੀ, ਅੰਤਰ ਆਤਮਾ ਦੀ ਆਵਾਜ਼ ਨਾਲ ਵਿਰੋਧ ਕਰਨ ਗ ਪਿਆ ਹੈ। ਜੇ ਇਹ ਵਿਰੋਧ ਅੰਤਮ ਸਵਾਸ ਤਕ ਚੱਲਦਾ ਰਿਹਾ ਤਾਂ ਇਸ ਜੀਵ ਦਾ ਇਸ ਪੌੜੀ ਤੋਂ ਥੱਲੇ ਡਿੱਗ ਜਾਣਾ ਨਿਸਚਿਤ ਹੈ। ਪਰ ਜਿਸ ਨੇ ਆਪਣੀ ਅੰਤਰ ਆਤਮਾ ਦੀ ਆਵਾਜ਼ ਨੂੰ ਆਪਣੇ ਸਤਿਗੁਰ ਦੀ ਆਵਾਜ਼ ਮੰਨ ਕੇ, ਇਸ ਦਾ ਅਨੁਸਰਣ ਕਰਨਾ ਆਰੰਭ ਦਿੱਤਾ, ਤਾਂ ਉਹ ਇਸ ਮਨੁੱਖਾ ਜੀਵਨ ਵਿਚ ਬਾਜ਼ੀ ਹਾਰਨ ਤੋਂ ਬਚ ਸਕਦਾ ਹੈ।

ਪਰ ਆਦਮੀ ਨੇ ਤਾਂ ਸੋਚਣ ਨੂੰ ਹੀ ਪਹਿਲ ਦਿੱਤੀ ਹੈ, ਸਮਝਣ ਵਾਲੇ ਪਾਸੇ ਘੱਟ ਹੀ ਧਿਆਨ ਦਿੱਤਾ ਹੈ। ਇਨਸਾਨ ਜੇ ਸਮਝਣ ਵੱਲ ਧਿਆਨ ਦਿੰਦਾ ਭੀ ਹੈ ਤਾਂ ਕੇਵਲ ਉਨ੍ਹਾਂ ਵਸਤੂਆਂ ਨੂੰ ਸਮਝਣ ਤਕ ਹੀ ਸੀਮਤ ਰਹਿੰਦਾ ਹੈ, ਜਿਹੜੀਆਂ ਇਸ ਦੇ ਗਿਆਨ ਇੰਦਰੀਆਂ ਜਾਂ ਇਸ ਦੀ ਆਪਣੀ ਬੁੱਧੀ ਦੀ ਪਕੜ ਵਿਚ ਹਨ। ਮਾਇਆ ਦੀ ਖੋਜ ਵਿਚ ਤਾਂ ਇਨਸਾਨ ਨੇ ਬਹੁਤ ਤਰੱਕੀ ਕਰ ਲਈ ਪਰ ਆਪਣੇ ਆਪ ਨੂੰ ਜਾਣਨ ਜਾਂ ਪਛਾਣਨ ਵੱਲ ਅਜੇ ਤਕ ਇਸ ਨੇ ਧਿਆਨ ਬਹੁਤ ਹੀ ਘੱਟ ਦਿੱਤਾ ਹੈ, ਜਿਸ ਕਿਸੇ ਨੇ ਨਿਰਾਕਾਰ ਦੀ ਖੋਜ ਕੀਤੀ ਭੀ ਹੈ, ਉਸ ਨੇ ਭੀ ਆਪਣੀ ਬੁੱਧੀ ਦੀ ਰੋਸ਼ਨੀ ਵਿਚ ਹੀ ਕੀਤੀ ਹੈ। ਆਪਣੀ ਆਪਣੀ ਬੁੱਧੀ ਅਨੁਸਾਰ ਪਰਮੇਸ਼ਰ ਬਾਰੇ ਵਰਣਨ ਕਰਦੇ ਗ੍ਰੰਥ, ਸੰਸਾਰੀ ਲੋਕਾਂ ਲਈ ਲਿਖ ਮਾਰੇ ਹਨ। ਧਰਮ ਦੀ ਗੱਲ ਇਸ ਕਦਰ ਉਲਝ ਗਈ ਕਿ ਸੁਲਝਾਉਣੀ ਇਨਸਾਨੀ ਬੁੱਧੀ ਦੇ ਵੱਸ ਤੋਂ ਬਾਹਰ ਹੋ ਗਈ।

ਸਿਮ੍ਰਿਤੀਆਂ ਅਤੇ ਸ਼ਾਸਤਰਾਂ ਦਾ ਗਿਆਨ ਭਰਮ-ਭੁਲੇਖੇ ਪੈਦਾ ਕਰਨ ਵਾਲਾ ਹੈ। ਇਸੇ ਲਈ ਗੁਰਬਾਣੀ ਅੰਦਰ ਪਿਛਲੇ ਅਗਿਆਨੀਆਂ ਵੱਲੋਂ ਪਾਏ ਗਏ ਭੁਲੇਖੇ ਇਨ੍ਹਾਂ ਸ਼ਬਦਾਂ ਨੂੰ ਦੁਬਾਰਾ ਨਿਰਾਕਾਰੀ ਅਰਥ ਦੇ ਕੇ ਹੀ ਦੂਰ ਕੀਤੇ ਗਏ ਹਨ। ਗੁਰਬਾਣੀ ਜਦੋਂ ਇਹ ਆਖਦੀ ਹੈ "ਸੋਧੇ ਸਾਸਤ੍ਰ ਸਿਮ੍ਰਿਤ ਸਗਲ" (ਪੰਨਾ ੯੯੦) ਤਾਂ ਇਸੇ ਗੱਲ ਵੱਲ ਸੰਕੇਤ ਹੈ। ਸੋ ਗੁਰਬਾਣੀ ਹੀ, ਜੋਗੀਆਂ ਵਲੋਂ ਸੁਖਮਨਾ ਕੁੰਡਲਨੀ ਜਾਂ ਸਿਧੀਆਂ ਬਾਰੇ ਖਾਧਾ ਟਪਲਾ ਦੁਬਾਰਾ ਸਹੀ ਅਰਥਾਂ ਵਿਚ ਸਮਝਾ ਰਹੀ ਹੈ। ■